# MC MLK E-NEWS

**MUNICIPAL COUNCIL MALERKOTLA (SANGRUR) PH. 01675-253043 E-MAIL ID- EOMCMKL@YAHOO.IN**



**SH. MOHAMMED ISMAIL**
**PRESIDENT, MALERKOTLA**



**SH. RAVNEET SINGH**
**EXECUTIVE OFFICER, MC MLK**

---

## MESSAGE

Message Publication of a newsletter: e-News will bring awareness among citizens about various works done and being taken up by MC MLK. The newsletter will act like a common platform for public and MC MLK. With this effort we will be closer to the citizens by focusing on development activities of Municipal Council Malerkotla. I congratulate the whole team for this noble concept and also wish continuity of publication of this newsletter

## MESSAGE

Malerkotla Municipal Council is releasing its first e-newsletter on Oct. 2016, which has been named as MC MLK E-News. This news letter will be brought out by MC MLK every month. This will provide platform for informing citizens regarding the developments and steps to be taken up by MC MLK for betterment of the city. In future, MC MLK will make efforts to release the same on social media platform and also make it more interactive for citizens to participate. I am hopeful that this will be an important step towards better public engagement in future.

## SAY NO TO PLASTIC BAGS




## SAVE WATER SAVE TREES SAVE LIFE





ਡਾ: ਜਸਕੰਵਲ ਸਿੰਘ ਚੀਮਾ ਅਤੇ ਵਾਰਡ ਦੇ ਪਤਵੰਤਿਆਂ ਨੂੰ ਵਿਕਾਸ ਕਾਰਜਾਂ ਲਈ ਚੈੱਕ ਸੌਂਪਦੇ ਹੋਏ ਵਿਧਾਇਕ ਸ: ਇਕਬਾਲ ਸਿੰਘ ਝੂੰਦਾਂ ਅਤੇ ਨਾਲ ਹੋਰ ਪਤਵੰਤੇ। ਤਸਵੀਰ: ਹਨੀਫ਼ ਥਿੰਦ

## ਵਿਧਾਇਕ ਝੂੰਦਾਂ ਵੱਲੋਂ 14 ਲੱਖ ਰੁਪਏ ਦਾ ਚੈੱਕ ਭੇਟ

ਮਲੇਰਕੋਟਲਾ, 10 ਅਕਤੂਬਰ (ਹਨੀਫ਼ ਥਿੰਦ) - ਹਲਕਾ ਅਮਰਗੜ੍ਹ ਦੇ ਵਿਧਾਇਕ ਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੰਗਰੂਰ ਐਡਵੋਕੇਟ ਸ: ਇਕਬਾਲ ਸਿੰਘ ਝੂੰਦਾਂ ਨੇ ਸਥਾਨਕ ਵਾਰਡ ਨੰ: ਗਿਆਰਾਂ ਵਿਖੇ ਉਚੇਚੇ ਤੌਰ 'ਤੇ ਪੁੱਜ ਕੇ ਵਾਰਡ ਦੇ ਵੱਖ-ਵੱਖ ਵਿਕਾਸ ਕਾਰਜਾਂ ਲਈ 14 ਲੱਖ 68 ਹਜ਼ਾਰ ਰੁਪਏ ਦਾ ਚੈੱਕ ਭੇਟ ਕੀਤਾ। ਇਸ ਮੌਕੇ ਤੇ ਡਾ: ਜਸਕੰਵਲ ਸਿੰਘ ਚੀਮਾ ਅਤੇ ਵਾਰਡ ਦੇ ਪਤਵੰਤਿਆਂ ਵੱਲੋਂ ਵਿਧਾਇਕ ਝੂੰਦਾਂ ਦਾ ਭਰਪੂਰ ਸਵਾਗਤ ਕੀਤਾ। ਇਸ ਮੌਕੇ ਸ: ਜਸਵੀਰ ਸਿੰਘ ਦਿਉਲ ਅਤੇ ਵਾਰਡ ਵਾਸੀ ਲਖਬੀਰ ਸਿੰਘ ਚੀਮਾ, ਪਰਮਜੀਤ ਸਿੰਘ ਚੀਮਾ, ਬਿੱਟੂ ਚੀਮਾ, ਕੈਪਟਨ ਮੁਹੰਮਦ ਸਲੀਮ ਖ਼ਾਨ, ਦਰਸ਼ਨ ਸਿੰਘ ਦਰਦੀ, ਮੇਘ ਰਾਜ ਮੰਨਵੀਂ, ਦੀਪਇੰਦਰ ਸਿੰਘ ਮਨੀ, ਚੌਧਰੀ ਸ਼ੇਰ ਸਿੰਘ, ਸ਼ਰੀਫ਼ ਬੋਸ ਅਤੇ ਕੌਂਸਲਰ ਅਸਲਮ ਕਾਲਾ ਹਾਜ਼ਰ ਸਨ।

ਅਜੀਤ



ਲੱਖਾਂ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜ੍ਹਕ ਦਾ ਉਦਘਾਟਨ ਕਰਦੇ ਹੋਏ ਵਿਧਾਇਕਾ ਬੀਬੀ ਫ਼ਰਜ਼ਾਨਾ ਆਲਮ ਤੇ ਨਗਰ ਕੌਂਸਲ ਪ੍ਰਧਾਨ ਕਾਮਰੇਡ ਮੁਹੰਮਦ ਇਸਮਾਇਲ ਤੇ ਹੋਰ ਪਤਵੰਤੇ। ਤਸਵੀਰ: ਹਨੀਫ਼ ਥਿੰਦ

ਅਜੀਤ



20 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮਿਊਂਸਪਲ ਪਾਰਕ ਦਾ ਉਦਘਾਟਨ ਕਰਦੇ ਹੋਏ ਵਿਧਾਇਕਾ ਬੀਬੀ ਫ਼ਰਜ਼ਾਨਾ ਆਲਮ ਤੇ ਨਗਰ ਕੌਂਸਲ ਪ੍ਰਧਾਨ ਇਸਮਾਇਲ ਅਤੇ ਹੋਰ ਪਤਵੰਤੇ। ਤਸਵੀਰ: ਹਨੀਫ਼ ਥਿੰਦ

## ਵਿਧਾਇਕਾ ਫ਼ਰਜ਼ਾਨਾ ਆਲਮ ਵੱਲੋਂ ਪਾਰਕ ਦਾ ਉਦਘਾਟਨ

ਮਲੇਰਕੋਟਲਾ, 3 ਅਕਤੂਬਰ (ਹਨੀਫ਼ ਥਿੰਦ) - ਵਿਧਾਨ ਸਭਾ ਹਲਕਾ ਮਲੇਰਕੋਟਲਾ ਨੂੰ ਅਤਿ ਸੁੰਦਰ ਬਣਾਉਣ ਲਈ ਆਲਮ ਪਰਿਵਾਰ ਵੱਲੋਂ ਇੱਕ ਹੋਰ ਕਦਮ ਅੱਗੇ ਵਧਾਉਂਦਿਆਂ ਇਲਾਕਾ ਜਮਾਲਪੁਰਾ ਕੱਚਾ ਦਰਵਾਜ਼ਾ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਮਿਊਂਸੀਪਲ ਪਾਰਕ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਕਾਮਰੇਡ ਮੁਹੰਮਦ ਇਸਮਾਇਲ, ਰਵਨੀਤ ਸਿੰਘ ਕਾਰਜ ਸਾਧਕ ਅਫ਼ਸਰ ਮਲੇਰਕੋਟਲਾ, ਚੇਅਰਮੈਨ ਐਡਵੋਕੇਟ ਸ਼ਮਸ਼ਾਦ ਅਲੀ, ਗੁਰਮੇਲ ਸਿੰਘ ਪੀ.ਐਸ.ਓ, ਸ਼ਮਾ ਫ਼ਰਾਜੀ ਕੌਂਸਲਰ, ਲਿਆਕਤ ਅਲੀ ਪ੍ਰਧਾਨ ਰਿਕਸ਼ਾ ਯੂਨੀਅਨ, ਮੀਨੂੰ ਪਹਿਲਵਾਨ, ਸ਼ਹਿਜ਼ਾਦ ਖ਼ਾਂ, ਸਰਬਰ ਖ਼ਾਨ ਪ੍ਰਧਾਨ ਪਿਕਅਪ ਯੂਨੀਅਨ, ਮੁਹੰਮਦ ਸ਼ਕੀਲ ਅਤੇ ਹੋਰ ਵੀ ਇਲਾਕੇ ਦੇ ਸੈਂਕੜਿਆਂ ਦੀ ਗਿਣਤੀ ਵਿਚ ਲੋਕਾਂ ਨੇ ਵਿਧਾਇਕਾ ਬੀਬੀ ਫ਼ਰਜ਼ਾਨਾ ਆਲਮ ਦਾ ਪੁਰਜ਼ੋਰ ਸਵਾਗਤ ਕੀਤਾ ਅਤੇ ਇਲਾਕਾ ਵਾਸੀਆਂ ਨੇ ਖ਼ੁਸ਼ੀ ਵਿਚ ਲੱਡੂ ਵੀ ਵੰਡੇ।

ਅਜੀਤ

ਅਜੀਤ

## ਸਫ਼ਾਈ ਅਭਿਆਨ ਤਹਿਤ ਰੈਲੀ ਕੱਢੀ

ਮਲੇਰਕੋਟਲਾ, 4 ਅਕਤੂਬਰ (ਹਨੀਫ਼ ਥਿੰਦ, ਪਾਰਸ ਜੈਨ) -ਗਾਂਧੀ ਜੈਅੰਤੀ ਦੇ ਮੌਕੇ ਸਵੱਛ-ਭਾਰਤ ਅਭਿਆਨ ਤਹਿਤ ਸਥਾਨਕ ਆਲਮਾਈਟੀ ਪਬਲਿਕ ਸਕੂਲ, ਮੰਡਿਆਲਾ ਰੋਡ, ਜਮਾਲਪੁਰਾ ਵਿਖੇ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਤਹਿਤ ਚੱਲ ਰਹੇ ਸੈਂਟਮ ਲਰਨਿੰਗ ਸੈਂਟਰ ਅਤੇ ਆਲਮਾਈਟੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਆਲਮਾਈਟੀ ਐਜੂਕੇਸ਼ਨਲ ਸੁਸਾਇਟੀ ਦੇ ਸਹਿਯੋਗ ਨਾਲ ਆਸ-ਪਾਸ ਦੇ ਪਿੰਡਾਂ ਮੰਡਿਆਲਾ, ਰਾਣਵਾਂ, ਸਰੌਦ ਆਦਿ ਵਿਖੇ ਸਫ਼ਾਈ ਅਭਿਆਨ ਰੈਲੀ ਕੱਢੀ ਗਈ। ਇਸ ਮੌਕੇ ਬੱਚਿਆਂ ਨੇ ਸਫ਼ਾਈ ਅਤੇ ਪਾਣੀ ਦੀ ਬੱਚਤ ਨਾਲ ਸਬੰਧਿਤ ਤਖ਼ਤੀਆਂ ਅਤੇ ਬੈਨਰ ਲੈ ਕੇ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਸੈਂਟਰ ਹੈੱਡ ਨਰੇਸ਼ ਅਤੇ ਪ੍ਰਾਜੈਕਟ ਕੋਆਰਡੀਨੇਟਰ ਮੋਹਿਤ ਨੇ ਬੱਚਿਆਂ ਦੀ ਰੈਲੀ ਨੂੰ ਰਵਾਨਾ ਕੀਤਾ। ਸਾਰੇ ਬੱਚੇ ਅਧਿਆਪਕਾਂ ਦੀ ਅਗਵਾਈ ਵਿਚ ਵੱਖ-ਵੱਖ ਪਿੰਡਾਂ ਵਿਚ ਰੈਲੀ ਲੈ ਕੇ ਪਹੁੰਚੇ। ਪ੍ਰਿੰਸੀਪਲ ਮੁਹੰਮਦ ਸ਼ਫੀਕ ਵੱਲੋਂ ਬੱਚਿਆਂ ਨੂੰ ਸਫ਼ਾਈ ਦੀ ਮਹੱਤਤਾ ਬਾਰੇ ਦੱਸਿਆ ਗਿਆ। ਇਸ ਮੌਕੇ ਸ਼ਹਿਨਾਜ਼, ਕੁਲਵਿੰਦਰ ਅਤੇ ਗੁਰਪ੍ਰੀਤ ਨੇ ਵੀ ਬੱਚਿਆਂ ਦੇ ਇਸ ਅਭਿਆਨ ਦੀ ਪ੍ਰਸੰਸਾ ਕੀਤੀ।

ਅਜੀਤ

# MC MLK E-NEWS

MUNICIPAL COUNCIL MALERKOTLA (SANGRUR) PH. 01675-253043 E-MAIL ID- EOMCMKL@YAHOO.IN



ਨਗਰ ਕੌਂਸਲ ਅਧਿਕਾਰੀ ਮੁਹੰਮਦ ਜਮੀਲ ਮੁਨਸ਼ੀ ਨੂੰ ਸੇਵਾ-ਮੁਕਤੀ 'ਤੇ ਸਨਮਾਨਿਤ ਕਰਨ ਮੌਕੇ ਸਾਬਕਾ ਮੰਤਰੀ ਨੁਸਰਤ ਅਲੀ ਖ਼ਾਨ, ਰਵਨੀਤ ਸਿੰਘ ਕਾਰਜ ਸਾਧਕ ਅਫ਼ਸਰ, ਕਾ. ਮੁਹੰਮਦ ਇਸਮਾਇਲ ਪ੍ਰਧਾਨ ਨਗਰ ਕੌਂਸਲ ਤੇ ਹੋਰ ਅਧਿਕਾਰੀ ਤੇ ਪਤਵੰਤੇ। ਤਸਵੀਰ: ਹਨੀਫ ਥਿੰਦ

**ਅਜੀਤ**


## CONTACT US:-

MUNICIPAL COUNCIL MALERKOTLA

TALAB BAZAR, NEAR HANUMAN MANDIR MALERKOTLA

Ph No:- 01675-253043

Fax No:- 01675-262931

Email Id:- Eomcmkl@yahoo.in


**Edited & Created By:-**

**Computer Cell Municipal Council Malerkotla**